# ਬਰਤਾਨਵੀ ਰਾਜਤੰਤਰ

British Monarchy

# ਰਾਣੀ ਐਲਿਜ਼ਾਬੇਥ-2

ਜਨਮ 21.4.1926 ਰਾਜਗੱਦੀ: 6 ਫਰਵਰੀ 1952



# ਬਾਦਸ਼ਾਹ ਦੀਆਂ ਸ਼ਕਤੀਆਂ


- ਕਾਰਜਪਾਲਿਕਾ ਦਾ ਮੁਖੀ
- ਸੰਸਦ ਦੇ ਸਮਾਗਮ, ਨਿਯੁਕਤੀਆਂ ਅਤੇ ਬਿੱਲ
- ਨਿਆਂ ਦਾ ਸੋਮਾ
- ਵਿਦੇਸ਼ੀ ਮਾਮਲੇ
- ਚਰਚ ਦਾ ਮੁਖੀ
- ਸਨਮਾਨ ਦਾ ਸੋਮਾ

# ਬਰਤਾਨਵੀ ਤਾਜ

ਅਸਲ ਵਿੱਚ ਬਾਦਸ਼ਾਹ ਦੀਆਂ ਇਹਨਾ ਸਾਰੀਆਂ ਸ਼ਕਤੀਆਂ ਦੀ ਵਰਤੋਂ 'ਤਾਜ' ਨਾਂ ਦੀ ਸੰਸਥਾ ਦੁਆਰਾ ਕੀਤੀ ਜਾਂਦੀ ਹੈ। ਇਹ ਤਾਜ ਕੋਈ ਸਿਰ ਤੇ ਪਹਿਨਣ ਵਾਲ਼ਾ ਤਾਜ ਨਹੀਂ ਹੈ। ਬਰਤਾਨਵੀ ਸੰਵਿਧਾਨ ਦੇ ਅਲਿਖਤੀ ਹੋਣ ਕਾਰਨ ਸਾਨੂੰ ਤਾਜ ਦੀ ਕੋਈ ਨਿਸ਼ਚਿਤ ਕਾਨੂੰਨੀ ਪਰਿਭਾਸ਼ਾ ਵੀ ਨਹੀਂ ਮਿਲਦੀ। ਤਾਜ ਇੱਕ ਸਿਧਾਂਤ ਹੈ। ਇਸ ਵਿੱਚ ਅਕਸਰ ਬਾਦਸ਼ਾਹ, ਮੰਤਰੀ ਪ੍ਰੀਸ਼ਦ, ਅਤੇ ਸੰਸਦ ਨੂੰ ਸ਼ਾਮਿਲ ਕੀਤਾ ਜਾਂਦਾ ਹੈ।


alamy stock photo
DXM2W4
www.alamy.com




Robert Walpole
Prime Minister
Minister
Minister
Minister
Minister
Minister
Minister

# ਬਾਦਸ਼ਾਹ ਦੀ ਸਥਿਤੀ

ਸੰਵਿਧਾਨਿਕ ਤੌਰ ਤੇ ਬਾਦਸ਼ਾਹ ਦੀ ਸਥਿਤੀ ਅੱਜ ਵੀ ਉਹੀ ਹੈ ਜੋ ਰਾਜਤੰਤਰ ਦੇ 'ਯੁੱਗ' ਵਿੱਚ ਹੁੰਦੀ ਸੀ। ਉਹ ਪ੍ਰਸ਼ਾਸਨ ਦੀ ਹਰ ਸ਼ਕਤੀ ਦਾ ਸੁਆਮੀ ਹੁੰਦਾ ਸੀ ਅਤੇ ਮੰਤਰੀ ਉਸਦੇ ਸਿਰਫ ਸਲਾਹਕਾਰ ਹੁੰਦੇ ਸਨ। ਇੰਗਲੈਂਡ ਵਿੱਚ ਅੱਜ ਵੀ ਰਾਜਤੰਤਰ ਮੌਜੂਦ ਹੈ, ਪ੍ਰੰਤੂ ਅਜੋਕਾ 'ਯੁੱਗ' ਰਾਜਤੰਤਰ ਦਾ ਨਹੀਂ ਸਗੋਂ ਲੋਕਤੰਤਰ ਦਾ 'ਯੁੱਗ' ਹੈ। ਇਸੇ ਲਈ ਬਾਦਸ਼ਾਹ ਆਪਣੀ ਹਰ ਸ਼ਕਤੀ ਦੀ ਵਰਤੋਂ ਆਪਣੇ ਮੰਤਰੀਆਂ ਦੀ ਸਲਾਹ ਅਨੁਸਾਰ ਕਰਦਾ ਹੈ ਜਿਹੜੇ ਕਿ ਕਾਮਨਜ਼ ਸਦਨ ਪ੍ਰਤੀ ਜਿੰਮੇਵਾਰ ਹੁੰਦੇ ਹਨ। ਉਸਦੀ ਵਾਸਤਵਿਕ ਸਥਿਤੀ ਸੰਬੰਧੀ ਕਿਹਾ ਜਾਂਦਾ ਹੈ ਕਿ, **"ਇੰਗਲੈਂਡ ਦਾ ਬਾਦਸ਼ਾਹ ਰਾਜ ਕਰਦਾ ਹੈ, ਪਰ ਸ਼ਾਸਨ ਨਹੀਂ ਕਰਦਾ।"**

ਬਰਤਾਨਵੀ ਰਾਜਨੀਤਿਕ ਪ੍ਰਣਾਲ਼ੀ ਵਿੱਚ
ਬਾਦਸ਼ਾਹ ਦੀ ਭੂਮਿਕਾ

Role of Monarch

in British Political System

# 1. ਪ੍ਰਧਾਨ ਮੰਤਰੀ ਦੀ ਨਿਯੁਕਤੀ

ਕਾਮਨਜ਼ ਸਦਨ ਦੀਆਂ ਚੋਣਾਂ ਤੋਂ ਬਾਅਦ ਬਾਦਸ਼ਾਹ ਬਹੁਮਤ ਹਾਸਲ ਕਰਨ ਵਾਲੇ ਦਲ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਨਿਯੁਕਤ ਕਰਦਾ ਹੈ। ਪ੍ਰੰਤੂ ਕਈ ਵਾਰੀ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ, ਜਦੋਂ ਪ੍ਰਧਾਨ ਮੰਤਰੀ ਦੀ ਨਿਯੁਕਤੀ ਕਰਨ ਲਈ ਬਾਦਸ਼ਾਹ ਨੂੰ ਆਪਣੀ ਇੱਛਾ ਦੀ ਵਰਤੋਂ ਕਰਨੀ ਪੈਂਦੀ ਹੈ। ਜੇਕਰ ਕਿਸੇ ਕਾਰਨ ਪ੍ਰਧਾਨ ਮੰਤਰੀ ਦਾ ਅਹੁਦਾ ਅਚਾਨਕ ਖਾਲੀ ਹੋ ਜਾਵੇ ਤਾਂ ਬਾਦਸ਼ਾਹ ਤੁਰੰਤ ਕਿਸੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰ ਦਿੰਦਾ ਹੈ। ਉਸਨੇ ਆਪਣੇ ਤੌਰ ਤੇ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਪ੍ਰਧਾਨ ਮੰਤਰੀ ਦੀ ਪਦਵੀ ਤੇ ਨਿਯੁਕਤ ਕੀਤਾ ਜਾਣ ਵਾਲਾ ਵਿਅਕਤੀ ਕਾਮਨਜ਼ ਸਦਨ ਵਿੱਚ ਬਹੁਮਤ ਦਾ ਵਿਸ਼ਵਾਸ਼ ਹਾਸਲ ਕਰਨ ਦੇ ਯੋਗ ਹੋਵੇ। ਇੰਗਲੈਂਡ ਦੇ ਇਤਿਹਾਸ ਵਿੱਚ ਕਈ ਵਾਰੀ ਅਜਿਹਾ ਹੋਇਆ ਹੈ ਕਿ ਇੱਕੋ ਸਮੇਂ ਕਈ ਵਿਅਕਤੀ ਪ੍ਰਧਾਨ ਮੰਤਰੀ ਦੀ ਪਦਵੀ ਤੇ ਦਾਅਵਾ ਕਰਨ ਲੱਗ ਜਾਂਦੇ ਹਨ। ਅਜਿਹੇ ਸਮੇਂ ਬਾਦਸ਼ਾਹ ਦੀ ਇੱਛਾ ਹੁੰਦੀ ਹੈ ਕਿ ਕਿਹੜੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨਾ ਹੈ।


# 2. ਕਾਮਨਜ਼ ਸਦਨ ਨੂੰ ਭੰਗ ਕਰਨਾ

ਜਦੋਂ ਵੀ ਪ੍ਰਧਾਨ ਮੰਤਰੀ ਬਾਦਸ਼ਾਹ ਨੂੰ ਕਾਮਨਜ਼ ਸਦਨ ਨੂੰ ਪੰਜ ਸਾਲ ਦੇ ਕਾਰਜਕਾਲ ਤੋਂ ਪਹਿਲਾਂ ਭੰਗ ਕਰਨ ਦੀ ਸਲਾਹ ਦੇਵੇ ਤਾਂ ਬਾਦਸ਼ਾਹ ਇਸ ਸਲਾਹ ਨੂੰ ਪ੍ਰਵਾਨ ਕਰ ਲੈਂਦਾ ਹੈ। ਪ੍ਰੰਤੂ ਜੇਕਰ ਬਾਦਸ਼ਾਹ ਨੂੰ ਮਹਿਸੂਸ ਹੋਵੇ ਕਿ ਅਜਿਹਾ ਕਰਨਾਂ ਰਾਸ਼ਟਰੀ ਹਿੱਤ ਵਿੱਚ ਨਹੀਂ ਹੈ ਅਤੇ ਕੋਈ ਹੋਰ ਵਿਅਕਤੀ ਟਿਕਾਊ ਸਰਕਾਰ ਦਾ ਨਿਰਮਾਣ ਕਰ ਸਕਦਾ ਹੈ ਤਾਂ ਉਹ ਪ੍ਰਧਾਨ ਮੰਤਰੀ ਨੂੰ ਅਜਿਹੀ ਸਲਾਹ ਨਾ ਦੇਣ ਲਈ ਵੀ ਕਹਿ ਸਕਦਾ ਹੈ।

# 3. ਰਾਸ਼ਟਰਮੰਡਲ ਦੀ ਏਕਤਾ ਦਾ ਪ੍ਰਤੀਕ

ਬਾਦਸ਼ਾਹ ਰਾਸ਼ਟਰਮੰਡਲ ਦੀ ਏਕਤਾ ਦਾ ਪ੍ਰਤੀਕ ਹੈ। ਜੇਕਰ ਇੰਗਲੈਂਡ ਦੇ ਲੋਕਾਂ ਨੇ ਆਪਣੇ ਸੰਵਿਧਾਨਿਕ ਮੁਖੀ ਦੀ ਚੋਣ ਕਰਨੀ ਆਰੰਭ ਕਰ ਦਿੱਤੀ ਤਾਂ ਰਾਸ਼ਟਰਮੰਡਲ ਦੇ ਦੂਸਰੇ ਮੈਂਬਰ ਰਾਜ ਕਦੇ ਵੀ ਇੰਗਲੈਂਡ ਦੇ ਲੋਕਾਂ ਦੁਆਰਾ ਚੁਣੇ ਵਿਅਕਤੀ ਨੂੰ ਆਪਣਾ ਮੁਖੀ ਨਹੀਂ ਮੰਨਣਗੇ। ਬਾਦਸ਼ਾਹ ਤੋਂ ਬਿਨਾਂ ਰਾਸ਼ਟਰਮੰਡਲ ਦੀਆਂ ਹੋਰ ਸਾਰੀਆਂ ਸੰਸਥਾਵਾਂ ਸਮਾਪਤ ਹੋ ਗਈਆਂ ਹਨ। ਇਸ ਲਈ ਬਾਦਸ਼ਾਹ ਹੀ ਰਾਸ਼ਟਰਮੰਡਲ ਦੀ ਏਕਤਾ ਦੀ ਇੱਕੋ-ਇੱਕ ਨਿਸ਼ਾਨੀ ਰਹਿ ਗਈ ਹੈ।

ਕੁੱਲ ਮੈਂਬਰ= 54



# 4. ਰਾਸ਼ਟਰੀ ਏਕਤਾ ਦਾ ਪ੍ਰਤੀਕ

ਬਾਦਸ਼ਾਹ ਰਾਸ਼ਟਰੀ ਏਕਤਾ ਦਾ ਵੀ ਪ੍ਰਤੀਕ ਹੈ। ਉਹ ਕਿਸੇ ਰਾਜਨੀਤਿਕ, ਆਰਥਿਕ ਜਾਂ ਸਮਾਜਿਕ ਵਰਗ ਦਾ ਪ੍ਰਤੀਨਿਧ ਨਹੀਂ ਹੈ। ਉਹ ਪੂਰੇ ਰਾਸ਼ਟਰ ਦਾ ਪ੍ਰਤੀਨਿਧ ਹੈ। ਜਦੋਂ ਵੀ ਇੰਗਲੈਂਡ ਤੇ ਕੋਈ ਸੰਕਟਕਾਲ ਆਉਂਦਾ ਹੈ ਤਾਂ ਬਾਦਸ਼ਾਹ ਸਾਰੇ ਲੋਕਾਂ ਨੂੰ ਇੱਕ-ਜੁੱਟ ਹੋਣ ਦੀ ਅਪੀਲ ਕਰਦਾ ਹੈ। ਬਾਦਸ਼ਾਹ ਦੇ ਦਲ ਰਾਜਨੀਤੀ ਤੋਂ ਰਹਿਤ ਹੋਣ ਕਾਰਨ ਉਸ ਵਿੱਚ ਸਾਰੇ ਵਰਗਾਂ ਦਾ ਭਰੋਸਾ ਹੁੰਦਾ ਹੈ।

# 5. ਸੰਵਿਧਾਨਿਕ ਮੁਖੀ ਦੀ ਭੂਮਿਕਾ

ਸੰਸਦੀ ਪ੍ਰਣਾਲ਼ੀ ਵਿੱਚ ਅਸਲੀ ਕਾਰਜਪਾਲਿਕਾ (ਮੰਤਰੀ ਪ੍ਰੀਸ਼ਦ) ਦੇ ਨਾਲ਼ ਹੀ ਇੱਕ ਨਾਂ-ਮਾਤਰ ਦੀ ਕਾਰਜਪਾਲਿਕਾ ਦੀ ਵੀ ਜਰੂਰਤ ਹੁੰਦੀ ਹੈ। ਸਰਕਾਰ ਆਪਣੇ ਸਾਰੇ ਕੰਮ ਇਸ ਨਾਂ-ਮਾਤਰ ਦੀ ਕਾਰਜਪਾਲਿਕਾ ਦੇ ਨਾਂ ਤੇ ਕਰਦੀ ਹੈ। ਇੰਗਲੈਂਡ ਵਿੱਚ ਇਸ ਨਾਂ-ਮਾਤਰ ਦੇ ਮੁਖੀ ਦੀ ਭੂਮਿਕਾ ਬਾਦਸ਼ਾਹ ਨਿਭਾਉਂਦਾ ਹੈ। ਉਹ ਮੰਤਰੀ ਪ੍ਰੀਸ਼ਦ ਦੀ ਸਲਾਹ ਨੂੰ ਤੇ ਦਸਤਖਤ ਕਰਕੇ ਇਸਨੂੰ ਫੈਸਲੇ ਦਾ ਰੂਪ ਦਿੰਦਾ ਹੈ ਅਤੇ ਸੰਸਦ ਦੁਆਰਾ ਪਾਸ ਕੀਤੇ ਬਿੱਲਾਂ ਤੇ ਪ੍ਰਵਾਨਗੀ ਦੇ ਕੇ ਇਹਨਾ ਨੂੰ ਕਾਨੂੰਨ ਦਾ ਰੂਪ ਦਿੰਦਾ ਹੈ।

# 6. ਸਲਾਹ, ਉਤਸ਼ਾਹ ਅਤੇ ਚੇਤਾਵਨੀ ਦੇਣ ਦਾ ਅਧਿਕਾਰ

ਬਾਦਸ਼ਾਹ ਬਾਰੇ ਇੱਕ ਪ੍ਰਸਿੱਧ ਵਿਦਵਾਨ ਵਾਲਟਰ ਬੇਜਹਾਟ (Walter Bagehot) ਨੇ ਕਿਹਾ ਹੈ ਕਿ ਉਸਦੇ ਤਿੰਨ ਮਹੱਤਵਪੂਰਨ ਅਧਿਕਾਰ ਹੇਠ ਲਿਖੇ ਹਨ–

**i) ਸਲਾਹ ਦੇਣ ਦਾ ਅਧਿਕਾਰ–** ਬਾਦਸ਼ਾਹ ਮੰਤਰੀ ਪ੍ਰੀਸ਼ਦ ਨੂੰ ਸਲਾਹ ਦੇ ਸਕਦਾ ਹੈ। ਬਾਦਸ਼ਾਹ ਦੀ ਸਲਾਹ ਦਾ ਹਮੇਸ਼ਾਂ ਸਤਿਕਾਰ ਕੀਤਾ ਜਾਂਦਾ ਹੈ ਕਿਉਂਕਿ ਉਸ ਕੋਲ ਸ਼ਾਸਨ ਦਾ ਲੰਮਾ ਤਜਰਬਾ ਹੁੰਦਾ ਹੈ।

**ii) ਉਤਸ਼ਾਹਿਤ ਕਰਨ ਦਾ ਅਧਿਕਾਰ–** ਬਾਦਸ਼ਾਹ ਆਪਣੀ ਸਰਕਾਰ ਨੂੰ ਉਤਸ਼ਾਹਿਤ ਕਰਦਾ ਰਹਿੰਦਾ ਹੈ। ਇਸ ਨਾਲ਼ ਮੰਤਰੀ ਪ੍ਰੀਸ਼ਦ ਨੂੰ ਰਾਸ਼ਟਰ ਉਸਾਰੀ ਵੱਲ ਕਦਮ ਚੁੱਕਦੇ ਹੋਏ ਹੌਸਲਾ ਮਿਲਦਾ ਰਹਿੰਦਾ ਹੈ।

**iii) ਚੇਤਾਵਨੀ ਦੇਣ ਦਾ ਅਧਿਕਾਰ–** ਬਾਦਸ਼ਾਹ ਕੋਲ ਸ਼ਾਸਨ ਦਾ ਲੰਮਾ ਤਜਰਬਾ ਹੁੰਦਾ ਹੈ। ਜੇਕਰ ਉਹ ਮਹਿਸੂਸ ਕਰੇ ਕਿ ਮੰਤਰੀ ਮੰਡਲ ਦਾ ਕੋਈ ਫੈਸਲਾ ਦੇਸ਼ ਲਈ ਹਾਨੀਕਾਰਕ ਸਿੱਧ ਹੋ ਸਕਦਾ ਹੈ ਤਾਂ ਉਹ ਮੰਤਰੀ ਮੰਡਲ ਨੂੰ ਇਸ ਸੰਬੰਧੀ ਚੇਤਾਵਨੀ ਦੇ ਦਿੰਦਾ ਹੈ।

# 7. ਬਾਦਸ਼ਾਹ ਵਿਰੋਧੀ ਰਾਜਨੀਤਿਕ ਵਿਚਾਰਾਂ ਵਿੱਚ ਸੁਮੇਲਤਾ ਪੈਦਾ ਕਰਦਾ ਹੈ

ਲੋਕਤੰਤਰ ਵਿੱਚ ਵੱਖ-ਵੱਖ ਰਾਜਨੀਤਿਕ ਦਲਾਂ ਦੇ ਵਿਚਾਰਾਂ ਵਿੱਚ ਆਪਸੀ ਵਿਰੋਧਤਾ ਪੈਦਾ ਹੋਣੀ ਸੁਭਾਵਿਕ ਹੁੰਦੀ ਹੈ। ਪ੍ਰੰਤੂ ਕਈ ਵਾਰੀ ਵਿਰੋਧੀ ਰਾਜਨੀਤਿਕ ਵਿਚਾਰਾਂ ਕਾਰਨ ਰਾਜਨੀਤਿਕ ਪ੍ਰਣਾਲ਼ੀ ਵਿੱਚ ਕੋਈ ਗੰਭੀਰ ਗਤੀਰੋਧ (deadlock) ਪੈਦਾ ਹੋ ਜਾਂਦਾ ਹੈ, ਜਿਹੜਾ ਕਿ ਸਮੁੱਚੇ ਦੇਸ਼ ਲਈ ਹਾਨੀਕਾਰਕ ਬਣ ਜਾਂਦਾ ਹੈ। ਅਜਿਹੇ ਗੰਭੀਰ ਮੌਕਿਆਂ ਤੇ ਬਾਦਸ਼ਾਹ ਵਿਰੋਧੀ ਰਾਜਨੀਤਿਕ ਵਿਚਾਰਾਂ ਵਿੱਚ ਸੁਮੇਲਤਾ ਪੈਦਾ ਕਰਦਾ ਹੈ। ਇਸ ਸੰਬੰਧੀ **ਪ੍ਰੋ. ਮੁਨਰੋ (Prof. Munro)** ਨੇ ਠੀਕ ਹੀ ਕਿਹਾ ਹੈ ਕਿ, **"ਬਾਦਸ਼ਾਹ ਵੱਖ-ਵੱਖ ਵਿਰੋਧੀ ਗੁੱਟਾਂ ਵਿੱਚ ਸ਼ਾਂਤੀ ਸਥਾਪਕ ਦੀ ਭੂਮਿਕਾ ਨਿਭਾਉਂਦਾ ਹੈ ਜਿਹਨਾ ਦੀ ਦੁਸ਼ਮਣੀ ਕਾਰਨ ਸਮੁੱਚੇ ਦੇਸ਼ ਨੂੰ ਹਾਨੀ ਹੋ ਸਕਦੀ ਹੈ।"**

# 8. ਸਮਾਜਿਕ ਮੁਖੀ ਦੀ ਭੂਮਿਕਾ

ਬਾਦਸ਼ਾਹ ਇੰਗਲੈਂਡ ਨੂੰ ਸਮਾਜਿਕ ਅਗਵਾਈ ਪ੍ਰਦਾਨ ਕਰਦਾ ਹੈ। ਉਸਦੇ ਦਲ ਰਾਜਨੀਤੀ ਤੋਂ ਉੱਪਰ ਹੋਣ ਕਾਰਨ ਸਮੁੱਚਾ ਸਮਾਜ ਉਸਦਾ ਸਤਿਕਾਰ ਕਰਦਾ ਹੈ। ਜਦੋਂ ਸ਼ਾਹੀ ਪਰਿਵਾਰ ਦੇ ਮੈਂਬਰ ਮਹਿਲਾਂ ਵਿੱਚੋਂ ਬਾਹਰ ਨਿੱਕਲਦੇ ਹਨ ਤਾਂ ਉਹਨਾ ਨੂੰ ਵੇਖਣ ਲਈ ਲੋਕਾਂ ਦੀ ਭੀੜ੍ਹ ਇਕੱਠੀ ਹੋ ਜਾਂਦੀ ਹੈ। ਸ਼ਾਹੀ ਪਰਿਵਾਰ ਇੰਗਲੈਂਡ ਵਿੱਚ ਰੀਤੀ ਰਿਵਾਜਾਂ, ਨੈਤਿਕ ਨਿਯਮਾਂ ਅਤੇ ਫੈਸ਼ਨ ਦੇ ਖੇਤਰ ਵਿੱਚ ਵੀ ਅਗਵਾਈ ਕਰਦਾ ਹੈ।



# 9. ਸੰਵਿਧਾਨ ਦੇ ਰੱਖਿਅਕ ਦੇ ਤੌਰ ਤੇ ਭੂਮਿਕਾ

ਬਾਦਸ਼ਾਹ ਸੰਵਿਧਾਨ ਦੇ ਰੱਖਿਅਕ ਦੇ ਤੌਰ ਤੇ ਭੂਮਿਕਾ ਨਿਭਾਉਂਦਾ ਹੈ। ਇਹ ਠੀਕ ਹੈ ਕਿ ਬਾਦਸ਼ਾਹ ਆਪਣਾ ਹਰ ਕੰਮ ਮੰਤਰੀ ਪ੍ਰੀਸ਼ਦ ਦੀ ਸਲਾਹ ਅਨੁਸਾਰ ਹੀ ਕਰਦਾ ਹੈ, ਪ੍ਰੰਤੂ ਉਹ ਮੰਤਰੀ ਪ੍ਰੀਸ਼ਦ ਦੀ ਸਲਾਹ ਨੂੰ ਉਦੋਂ ਤੱਕ ਹੀ ਪ੍ਰਵਾਨ ਕਰਦਾ ਹੈ ਜਦੋਂ ਤੱਕ ਮੰਤਰੀ ਪ੍ਰੀਸ਼ਦ ਸੰਵਿਧਾਨ ਦੇ ਅਨੁਸਾਰ ਕੰਮ ਕਰਦੀ ਹੈ। 1910 ਵਿੱਚ ਪ੍ਰਧਾਨ ਮੰਤਰੀ ਹਰਬਰਟ ਹੈਨਰੀ ਐਸਕੁਇਥ (Herbert Henry Asquith) ਨੇ ਬਾਦਸ਼ਾਹ ਨੂੰ ਸਲਾਹ ਦਿੱਤੀ ਸੀ ਕਿ ਜੇਕਰ ਲਾਰਡ ਸਦਨ ਸੰਸਦੀ ਕਾਨੂੰਨ 1909 ਨੂੰ ਪਾਸ ਨਹੀਂ ਕਰਦਾ ਤਾਂ ਉਸ ਵਿੱਚ 400 ਪੀਅਰ ਹੋਰ ਨਿਯੁਕਤ ਕਰ ਦੇਵੇ ਤਾਂ ਕਿ ਆਪਣਾ ਬਹੁਮਤ ਬਣਾ ਕੇ ਬਿੱਲ ਪਾਸ ਕਰਵਾਇਆ ਜਾ ਸਕੇ। ਪ੍ਰੰਤੂ ਬਾਦਸ਼ਾਹ ਨੇ ਕਿਹਾ ਸੀ ਕਿ ਅਜਿਹਾ ਕਦਮ ਚੁੱਕਣ ਤੋਂ ਪਹਿਲਾਂ ਕਾਮਨਜ਼ ਸਦਨ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਅਤੇ ਫਿਰ ਇਸੇ ਤਰਾਂ ਹੀ ਕੀਤਾ ਗਿਆ ਸੀ।

# ਸਿੱਟਾ

ਬਾਦਸ਼ਾਹ ਦਾ ਅਹੁਦਾ ਹੁਣ ਭਾਵੇਂ ਸਿਰਫ ਇੱਕ ਸੰਵਿਧਾਨਿਕ ਮੁਖੀ ਵਾਲਾ ਰਹਿ ਗਿਆ ਹੈ, ਪ੍ਰੰਤੂ ਫਿਰ ਵੀ ਉਸਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਹ ਸੰਕਟ ਸਮੇਂ ਰਾਸ਼ਟਰ ਨੂੰ ਅਗਵਾਈ ਪ੍ਰਦਾਨ ਕਰਦਾ ਹੈ। ਬਰਤਾਨਵੀ ਲੋਕਾਂ ਦਾ ਉਸਤੇ ਅਥਾਹ ਭਰੋਸਾ ਹੈ। ਬਰਤਾਨਵੀ ਲੋਕ ਮੰਨਦੇ ਹਨ ਕਿ, **"ਜਦੋਂ ਤੱਕ ਬਾਦਸ਼ਾਹ ਬਕਿੰਘਮ ਮਹੱਲ ਵਿੱਚ ਰਹਿੰਦਾ ਹੈ, ਸਲਤਨਤ ਵਿੱਚ ਸਭ ਠੀਕ ਹੈ।"**

# ਇੰਗਲੈਂਡ ਵਿੱਚ ਰਾਜਤੰਤਰ ਦੀ ਉਚਿੱਤਤਾ

# Justification of Monarchy in England



# 1. ਅੰਗਰੇਜਾਂ ਦਾ ਰੂੜੀਵਾਦੀ ਸੁਭਾਅ

ਅੰਗਰੇਜ ਲੋਕਾਂ ਦਾ ਸੁਭਾਅ ਰੂੜੀਵਾਦੀ ਹੁੰਦਾ ਹੈ। ਉਹਨਾ ਵਿੱਚ ਨਵੀਨਤਾ ਲਈ ਕੋਈ ਬਹੁਤਾ ਉਤਸ਼ਾਹ ਨਹੀਂ ਹੁੰਦਾ, ਸਗੋਂ ਉਹ ਆਪਣੀਆਂ ਪੁਰਾਣੀਆਂ ਸੰਸਥਾਵਾਂ ਅਤੇ ਵਿਚਾਰਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਉਹ ਪੁਰਾਣੀਆਂ ਸੰਸਥਾਵਾਂ ਨੂੰ ਸਮਾਪਤ ਕਰਨ ਦੀ ਥਾਂ ਉਹਨਾ ਵਿੱਚ ਲੋੜੀਂਦੀਆਂ ਤਬਦੀਲੀਆਂ ਕਰ ਲੈਂਦੇ ਹਨ। ਇੰਗਲੈਂਡ ਵਿੱਚ ਰਾਜਤੰਤਰ ਦੇ ਹੁਣ ਤੱਕ ਕਾਇਮ ਰਹਿਣ ਦਾ ਇਹ ਸਭ ਤੋਂ ਵੱਡਾ ਕਾਰਨ ਹੈ। ਜੇਕਰ ਕੋਈ ਸ਼ਾਸਕ ਮਨਮਾਨੀਆਂ ਕਰਨ ਲੱਗ ਜਾਂਦਾ ਸੀ, ਤਾਂ ਅੰਗਰੇਜਾਂ ਨੇ ਉਸਦੇ ਵਿਰੁੱਧ ਸੰਘਰਸ਼ ਕੀਤਾ ਅਤੇ ਉਸਨੂੰ ਰਾਜਗੱਦੀ ਤੋਂ ਲਾਹਿਆ, ਪ੍ਰੰਤੂ ਉਸੇ ਹੀ ਰਾਜੇ ਦੇ ਪੁੱਤਰ ਜਾਂ ਪੁੱਤਰੀ ਨੂੰ ਫਿਰ ਰਾਜਗੱਦੀ ਤੇ ਬਿਠਾ ਲਿਆ।

# 2. ਅੰਗਰੇਜਾਂ ਵਿੱਚ ਗਣਤੰਤਰੀ ਭਾਵਨਾ ਦੀ ਕਮੀ

ਇੰਗਲੈਂਡ ਦੇ ਲੋਕਾਂ ਵਿੱਚ ਗਣਤੰਤਰੀ ਭਾਵਨਾਵਾਂ ਦੀ ਕਮੀ ਹੈ। 1649 ਈ. ਵਿੱਚ ਉਹਨਾ ਨੇ ਚਾਰਲਸ ਪਹਿਲੇ ਨੂੰ ਮੌਤ ਦੀ ਸਜ਼ਾ ਸੁਣਾ ਕੇ ਆਲੀਵਰ ਕਰੋਮਵੈੱਲ (Oliver Cromwell) ਨੂੰ ਆਪਣਾ ਮੁਖੀ (Protectorate) ਬਣਾ ਲਿਆ ਸੀ। ਪ੍ਰੰਤੂ 1960 ਵਿੱਚ ਹੀ ਚਾਰਲਸ ਪਹਿਲੇ ਦੇ ਪੁੱਤਰ ਚਾਰਲਸ ਦੂਜੇ ਨੂੰ ਫਿਰ ਤੋਂ ਰਾਜਗੱਦੀ ਤੇ ਬਿਠਾ ਦਿੱਤਾ ਗਿਆ। ਮਜ਼ਦੂਰ ਦਲ ਦੇ ਨੇਤਾ **ਕਲੀਮੈਂਟ ਐਟਲੀ (Clement Attlee)** ਨੇ ਰਾਜਤੰਤਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ ਕਿ, **"ਬਰਤਾਨਵੀ ਸਮਾਜ ਦਾ ਇੱਕ ਅਜਿਹਾ ਲੱਛਣ ਜਿਸਨੂੰ ਖਤਮ ਕਰਨ ਲਈ ਮੇਰੇ ਅੰਦਰ ਕਦੀ ਵੀ ਕੋਈ ਭਾਵਨਾ ਨਹੀਂ ਉੱਠੀ ਉਹ ਰਾਜਤੰਤਰ ਹੈ। ਵਿਵਹਾਰ ਵਿੱਚ ਤਾਂ ਕੀ ਮੈਂ ਕਦੇ ਸਿਧਾਂਤ ਵਿੱਚ ਵੀ ਗਣਤੰਤਰਵਾਦੀ ਨਹੀਂ ਰਿਹਾ।"**

# 3. ਬਾਦਸ਼ਾਹ ਦੀ ਸੰਵਿਧਾਨਿਕ ਮੁਖੀ ਦੇ ਤੌਰ ਤੇ ਭੂਮਿਕਾ

ਇੰਗਲੈਂਡ ਵਿੱਚ ਸੰਸਦੀ ਸ਼ਾਸਨ ਪ੍ਰਣਾਲ਼ੀ ਹੈ ਜਿਸ ਵਿੱਚ ਇੱਕ ਸੰਵਿਧਾਨਿਕ ਮੁਖੀ ਹੁੰਦਾ ਹੈ। ਬਾਦਸ਼ਾਹ ਨੇ ਆਪਣੀ ਭੂਮਿਕਾ ਇਸ ਸੰਵਿਧਾਨਿਕ ਮੁਖੀ ਵਾਲ਼ੀ ਬਣਾ ਲਈ ਹੈ। ਉਹ ਸੰਸਦ ਦੁਆਰਾ ਪਾਸ ਕੀਤੇ ਬਿੱਲਾਂ ਤੇ ਪ੍ਰਵਾਨਗੀ ਦਿੰਦਾ ਹੈ, ਅਤੇ ਮੰਤਰੀਆਂ ਦੁਆਰਾ ਦਿੱਤੀ ਸਲਾਹ ਨੂੰ ਪ੍ਰਵਾਨ ਕਰਕੇ ਇਸਨੂੰ ਨਿਰਣੇ ਦਾ ਰੂਪ ਦਿੰਦਾ ਹੈ। ਜੇਕਰ ਰਾਜਤੰਤਰ ਸਮਾਪਤ ਕੀਤਾ ਜਾਂਦਾ ਹੈ ਤਾਂ ਸੰਵਿਧਾਨਿਕ ਮੁਖੀ ਦੀ ਭੂਮਿਕਾ ਨਿਭਾਉਣ ਲਈ ਕਿਸੇ ਅਹੁਦੇ ਦੀ ਸਥਾਪਨਾ ਕਰੇਗੀ। ਅਜਿਹਾ ਚੁਣਿਆਂ ਹੋਇਆ ਵਿਅਕਤੀ ਪੂਰੀ ਤਰਾਂ ਦਲ ਰਾਜਨੀਤੀ ਤੋਂ ਉੱਪਰ ਉੱਠ ਕੇ ਕੰਮ ਨਹੀਂ ਕਰ ਸਕੇਗਾ ਕਿਉਂਕਿ ਉਸਦੀ ਚੋਣ ਰਾਜਨੀਤਿਕ ਆਧਾਰ ਤੇ ਹੀ ਹੋਇਆ ਕਰੇਗੀ।

# 4. ਬਾਦਸ਼ਾਹ ਲਈ ਪਿਆਰ ਅਤੇ ਭਰੋਸਾ

ਇੰਗਲੈਂਡ ਦੇ ਲੋਕਾਂ ਵਿੱਚ ਆਪਣੇ ਬਾਦਸ਼ਾਹ ਪ੍ਰਤੀ ਬਹੁਤ ਲਗਾਉ ਹੈ। ਬਾਦਸ਼ਾਹ ਜੀਵਨ ਦੇ ਹਰ ਖੇਤਰ ਵਿੱਚ ਇੰਗਲੈਂਡ ਨੂੰ ਅਗਵਾਈ ਪ੍ਰਦਾਨ ਕਰਦਾ ਹੈ। ਸ਼ਾਹੀ ਪਰਿਵਾਰ ਜਿਸ ਤਰਾਂ ਦੀ ਜੀਵਨ ਵਿਧੀ ਅਪਣਾਉਂਦਾ ਹੈ, ਉਹੀ ਆਮ ਲੋਕਾਂ ਦਾ ਵੀ ਫੈਸ਼ਨ ਬਣ ਜਾਂਦਾ ਹੈ। ਬਾਦਸ਼ਾਹ ਦੇ ਅਹੁਦੇ ਵਿੱਚ ਸ਼ਰਧਾ ਦਾ ਤੱਤ ਵੀ ਮਿਲਿਆ ਹੋਇਆ ਹੈ ਕਿਉਂਕਿ ਉਹ ਇੰਗਲੈਂਡ ਦੇ ਚਰਚ ਦਾ ਮੁਖੀ ਵੀ ਹੁੰਦਾ ਹੈ। ਇੰਗਲੈਂਡ ਦੇ ਲੋਕ ਸਮਝਦੇ ਹਨ ਕਿ ਜਦੋਂ ਤੱਕ ਬਾਦਸ਼ਾਹ ਬਕਿੰਘਮ ਮਹਿਲ ਵਿੱਚ ਹੈ, ਉਹ ਸਾਰੇ ਪੂਰੀ ਤਰਾਂ ਸੁਰੱਖਿਅਤ ਹਨ।

# 5. ਬਾਦਸ਼ਾਹ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ

ਇੰਗਲੈਂਡ ਦਾ ਬਾਦਸ਼ਾਹ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ। ਉਹ ਦਲ ਰਾਜਨੀਤੀ ਤੋਂ ਉੱਪਰ ਹੈ। ਰਾਸ਼ਟਰੀ ਮਹੱਤਤਾ ਵਾਲੇ ਤਿਉਹਾਰਾਂ ਤੇ ਉਹ ਜਨਤਾ ਦੇ ਸਨਮੁੱਖ ਹੁੰਦਾ ਹੈ। ਉਸ ਦੁਆਰਾ ਦਿੱਤੀ ਗਈ ਪ੍ਰੇਰਣਾ ਜਾਂ ਅਪੀਲ ਲੋਕਾਂ ਤੇ ਜਾਦੂਈ ਅਸਰ ਕਰਦੀ ਹੈ। ਉਸਦੀ ਅਪੀਲ ਤੇ ਅੰਗਰੇਜ ਲੋਕ ਆਪਣਾ ਸਭ ਕੁੱਝ ਰਾਸ਼ਟਰ ਲਈ ਨਿਛਾਵਰ ਕਰਨ ਨੂੰ ਤਿਆਰ ਹੋ ਜਾਂਦੇ ਹਨ। ਉਹ ਸਭਨਾਂ ਦਾ ਸਾਂਝਾ ਮੁਖੀ ਹੈ।

# 6. ਬਾਦਸ਼ਾਹ ਰਾਸ਼ਟਰਮੰਡਲ ਦੀ ਏਕਤਾ ਦਾ ਪ੍ਰਤੀਕ ਹੈ

ਬਾਦਸ਼ਾਹ ਰਾਸ਼ਟਰਮੰਡਲ ਦੀ ਏਕਤਾ ਦਾ ਪ੍ਰਤੀਕ ਹੈ। ਜੇਕਰ ਇੰਗਲੈਂਡ ਦੇ ਲੋਕਾਂ ਨੇ ਆਪਣੇ ਸੰਵਿਧਾਨਿਕ ਮੁਖੀ ਦੀ ਚੋਣ ਕਰਨੀ ਆਰੰਭ ਕਰ ਦਿੱਤੀ ਤਾਂ ਰਾਸ਼ਟਰਮੰਡਲ ਦੇ ਦੂਸਰੇ ਮੈਂਬਰ ਰਾਜ ਕਦੇ ਵੀ ਇੰਗਲੈਂਡ ਦੇ ਲੋਕਾਂ ਦੁਆਰਾ ਚੁਣੇ ਵਿਅਕਤੀ ਨੂੰ ਆਪਣਾ ਮੁਖੀ ਨਹੀਂ ਮੰਨਣਗੇ। ਬਾਦਸ਼ਾਹ ਤੋਂ ਬਿਨਾਂ ਰਾਸ਼ਟਰਮੰਡਲ ਦੀਆਂ ਹੋਰ ਸਾਰੀਆਂ ਸੰਸਥਾਵਾਂ ਸਮਾਪਤ ਹੋ ਗਈਆਂ ਹਨ। ਇਸ ਲਈ ਬਾਦਸ਼ਾਹ ਹੀ ਰਾਸ਼ਟਰਮੰਡਲ ਦੀ ਏਕਤਾ ਦੀ ਇੱਕੋ-ਇੱਕ ਨਿਸ਼ਾਨੀ ਰਹਿ ਗਈ ਹੈ। ਬਰਤਾਨੀਆਂ ਦੇ ਸਾਰੇ ਰਾਜਨੀਤਿਕ ਦਲ ਇਸ ਤੱਥ ਨਾਲ਼ ਸਹਿਮਤ ਹਨ ਕਿ ਰਾਸ਼ਟਰਮੰਡਲ ਨੂੰ ਜੋੜਨ ਵਾਲੀ ਕੜੀ ਰਾਜਤੰਤਰ ਹੀ ਰਹਿ ਗਿਆ ਹੈ।

# 7. ਰਾਜਤੰਤਰ ਖਰਚੀਲੀ ਸੰਸਥਾ ਨਹੀਂ ਹੈ

ਰਾਜਤੰਤਰ ਬਰਤਾਨੀਆਂ ਤੇ ਬਹੁਤਾ ਆਰਥਿਕ ਬੋਝ ਨਹੀਂ ਪਾਉਂਦਾ। 2012 ਤੋਂ ਬਾਅਦ ਸਰਕਾਰੀ ਖਜ਼ਾਨੇ ਵਿੱਚੋਂ ਸ਼ਾਹੀ ਪਰਿਵਾਰ ਦੇ ਖਰਚੇ ਲਈ ਪ੍ਰਭੂਤਾਸ਼ਾਲੀ ਅਨੁਦਾਨ (Sovereign Grant) ਦੇਣ ਦੀ ਵਿਵਸਥਾ ਕੀਤੀ ਗਈ ਹੈ। 2014-15 ਦੇ ਵਿੱਤੀ ਵਰ੍ਹੇ ਦੌਰਾਨ ਇਸ ਗ੍ਰਾਂਟ ਅਧੀਨ 3,79,00,000 ਪੌਂਡ ਰੱਖੇ ਗਏ ਸਨ। ਜੇਕਰ ਰਾਜਤੰਤਰ ਨੂੰ ਸਮਾਪਤ ਕਰਕੇ ਚੁਣੇ ਹੋਏ ਰਾਸ਼ਟਰਪਤੀ ਦੀ ਪਦਵੀ ਦੀ ਵਿਵਸਥਾ ਕੀਤੀ ਜਾਂਦੀ ਹੈ ਤਾਂ ਉਸਦੀ ਚੋਣ ਤੇ ਬਹੁਤ ਸਾਰਾ ਸਰਕਾਰੀ ਧਨ ਖਰਚ ਕਰਨਾ ਪਏਗਾ। ਚੁਣੇ ਹੋਏ ਰਾਸ਼ਟਰਪਤੀ ਦੇ ਪਰਿਵਾਰ ਲਈ ਵੀ ਸਰਕਾਰੀ ਖਜਾਨੇ ਵਿੱਚੋਂ ਖਰਚਾ ਕਰਨਾ ਪਏਗਾ। ਇਸ ਲਈ ਰਾਜਤੰਤਰ ਸਰਕਾਰੀ ਖਜਾਨੇ ਤੇ ਕੋਈ ਬੋਝ ਨਹੀਂ ਹੈ।

# 8. ਰਾਜਤੰਤਰ ਲੋਕਤੰਤਰ ਦੇ ਵਿਕਾਸ ਵਿੱਚ ਰੁਕਾਵਟ ਨਹੀਂ ਬਣਿਆਂ

ਇੰਗਲੈਂਡ ਦੇ ਰਾਜਤੰਤਰ ਦੇ ਕਾਇਮ ਰਹਿਣ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਤੱਤ ਇਹ ਹੈ ਕਿ ਰਾਜਤੰਤਰ ਲੋਕਤੰਤਰ ਦੇ ਵਿਕਾਸ ਦੇ ਰਸਤੇ ਵਿੱਚ ਰੁਕਾਵਟ ਨਹੀਂ ਬਣਿਆਂ। ਅਸੀਮਿਤ ਰਾਜਤੰਤਰ ਨੇ ਬੜੀ ਸਿਆਣਪ ਨਾਲ਼ ਆਪਣੇ-ਆਪ ਨੂੰ ਸੰਵਿਧਾਨਿਕ ਅਤੇ ਸੀਮਿਤ ਰਾਜਤੰਤਰ ਵਿੱਚ ਬਦਲ ਲਿਆ ਹੈ। ਸੰਸਾਰ ਦੇ ਹੋਰ ਕਈ ਰਾਜਾਂ ਵਿੱਚ ਵੀ ਰਾਜਤੰਤਰ ਨੇ ਆਪਣੇ ਆਪ ਨੂੰ ਸੰਵਿਧਾਨਿਕ ਰਾਜਤੰਤਰ ਵਿੱਚ ਬਦਲਿਆ ਸੀ। ਪ੍ਰੰਤੂ ਕਈ ਰਾਜਾਂ ਵਿੱਚ ਬਾਦਸ਼ਾਹਾਂ ਨੇ ਫਿਰ ਤੋਂ ਸਮੁੱਚੀਆਂ ਸ਼ਕਤੀਆਂ ਆਪਣੇ ਹੱਥ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਅਤੇ ਇਸਦਾ ਨਤੀਜਾ ਰਾਜਤੰਤਰ ਦੀ ਸਮਾਪਤੀ ਦੇ ਰੂਪ ਵਿੱਚ ਨਿੱਕਲਿਆ।

# 9. ਰਾਜਤੰਤਰ ਇੰਗਲੈਂਡ ਦੇ ਵਿਕਾਸ ਵਿੱਚ ਰੁਕਾਵਟ ਨਹੀਂ ਬਣਿਆਂ

ਇੰਗਲੈਂਡ ਦਾ ਰਾਜਤੰਤਰ ਵਿਅਕਤੀਗਤ ਸੁਤੰਤਰਤਾ, ਲੋਕਤੰਤਰ, ਸਮਾਨਤਾ ਅਤੇ ਨਿਆਂਭਾਵਨਾ ਦਾ ਵਿਰੋਧੀ ਨਹੀਂ ਹੈ। ਇਸ ਰਾਜਤੰਤਰ ਦੇ ਅਧੀਨ ਇੰਗਲੈਂਡ ਨੇ ਸਮਾਜਿਕ, ਬੌਧਿਕ, ਆਰਥਿਕ, ਰਾਜਨੀਤਿਕ ਅਤੇ ਵਿਗਿਆਨਕ ਆਦਿ ਹਰ ਖੇਤਰ ਵਿੱਚ ਬਹੁਤ ਉੱਨਤੀ ਕੀਤੀ ਹੈ। ਇਸੇ ਰਾਜਤੰਤਰ ਦੇ ਅਧੀਨ ਇੰਗਲੈਂਡ ਨੇ ਦੁਨੀਆਂ ਦਾ ਸਭ ਤੋਂ ਵੱਡਾ ਸਾਮਰਾਜ ਖੜ੍ਹਾ ਕੀਤਾ ਸੀ। ਇਸ ਲਈ ਲੋਕਾਂ ਨੂੰ ਰਾਜਤੰਤਰ ਨੂੰ ਜਾਰੀ ਰੱਖਣ ਵਿੱਚ ਕੋਈ ਰੁਕਾਵਟ ਨਜ਼ਰ ਨਹੀਂ ਆਉਂਦੀ।

# 10. ਰਾਜਤੰਤਰ ਦਾ ਨਿਰਪੱਖਤਾ ਵਾਲ਼ਾ ਸਰੂਪ

ਬਾਦਸ਼ਾਹ ਦਲ ਰਾਜਨੀਤੀ ਤੋਂ ਉੱਪਰ ਹੁੰਦਾ ਹੈ। ਜੇਕਰ ਕੋਈ ਚੁਣਿਆਂ ਹੋਇਆ ਸੰਵਿਧਾਨਿਕ ਮੁਖੀ ਹੋਵੇ ਤਾਂ ਉਹ ਆਪਣੇ ਆਪ ਨੂੰ ਰਾਜਨੀਤੀ ਤੋਂ ਪੂਰੀ ਤਰਾਂ ਨਿਰਲੇਪ ਨਹੀਂ ਰੱਖ ਸਕੇਗਾ। ਬਾਦਸ਼ਾਹ ਦੇ ਨਿਰਪੱਖਤਾ ਵਾਲੇ ਸਰੂਪ ਕਾਰਨ ਉਹ ਆਪਣੀ ਨਿਰਪੱਖ ਸਲਾਹ ਦੇ ਸਕਦਾ ਹੈ ਅਤੇ ਉਸਦੀ ਸਲਾਹ ਦਾ ਸਤਿਕਾਰ ਕੀਤਾ ਜਾਂਦਾ ਹੈ। ਸਮਾਜ ਦੇ ਸਾਰੇ ਵਰਗ ਉਸਨੂੰ ਆਪਣਾ ਮੁਖੀ ਸਮਝਦੇ ਹਨ।

# 11. ਬਾਦਸ਼ਾਹ ਸਮਾਜਿਕ ਅਗਵਾਈ ਪ੍ਰਦਾਨ ਕਰਦਾ ਹੈ

ਬਾਦਸ਼ਾਹ ਸਮਾਜਿਕ ਖੇਤਰ ਵਿੱਚ ਵੀ ਰਾਸ਼ਟਰ ਦੀ ਅਗਵਾਈ ਕਰਦਾ ਹੈ। ਸ਼ਾਹੀ ਪਰਿਵਾਰ ਲੋਕਾਂ ਲਈ ਰੋਲ ਮਾਡਲ ਦੀ ਭੂਮਿਕਾ ਨਿਭਾਉਂਦਾ ਹੈ। ਸ਼ਾਹੀ ਪਰਿਵਾਰ ਦੇ ਮੈਂਬਰ ਜਿਹੜਾ ਪਹਿਰਾਵਾ ਪਹਿਨਦੇ ਹਨ, ਉਹ ਇੰਗਲੈਂਡ ਦਾ ਫੈਸ਼ਨ ਬਣ ਜਾਂਦਾ ਹੈ।



# 12. ਬਾਦਸ਼ਾਹ ਦੀ ਸਲਾਹ ਮਹੱਤਵਪੂਰਨ ਹੁੰਦੀ ਹੈ

ਬਾਦਸ਼ਾਹ ਦਾ ਅਹੁਦਾ ਜੱਦੀ ਹੋਣ ਕਾਰਨ ਉਸਨੂੰ ਰਾਜਨਤਿਕ ਤੱਥਾਂ ਦੀ ਬਹੁਤ ਡੂੰਘੀ ਜਾਣਕਾਰੀ ਹੋ ਜਾਂਦੀ ਹੈ। ਮੰਤਰੀ ਮੰਡਲ ਦਾ ਨਿਰਮਾਣ ਨਿਸ਼ਚਿਤ ਸਮੇਂ ਲਈ ਹੁੰਦਾ ਹੈ। ਮੰਤਰੀਆਂ ਨੂੰ ਕਈ ਵਾਰੀ ਆਪਣੇ ਮਹਿਕਮੇ ਸੰਬੰਧੀ ਬਹੁਤੀ ਜਾਣਕਾਰੀ ਨਹੀਂ ਹੁੰਦੀ। ਕਈ ਵਾਰੀ ਆਪਣੀ ਰਾਜਨੀਤਿਕ ਪ੍ਰਤਿਭਾ ਦਿਖਾਉਣ ਲਈ ਮੰਤਰੀ ਜੋਖ਼ਿਮ ਭਰਿਆ ਫੈਸਲਾ ਵੀ ਲਏ ਲੈਂਦੇ ਹਨ। ਅਜਿਹੇ ਹਾਲਾਤ ਵਿੱਚ ਬਾਦਸ਼ਾਹ ਉਹਨਾ ਨੂੰ ਉਪਯੋਗੀ ਸਲਾਹ ਦੇ ਸਕਦਾ ਹੈ। ਉਸ ਕੋਲ ਲੰਮਾ ਤਜਰਬਾ ਹੋਣ ਕਾਰਨ ਉਸਦੀ ਸਲਾਹ ਮਹੱਤਵਪੂਰਨ ਹੁੰਦੀ ਹੈ ਅਤੇ ਮੰਤਰੀ ਉਸਦੀ ਸਲਾਹ ਨੂੰ ਬਣਦਾ ਸਤਿਕਾਰ ਵੀ ਦਿੰਦੇ ਹਨ।

# ਸਿੱਟਾ

ਅਜੋਕਾ ਯੁੱਗ ਲੋਕਤੰਤਰ ਦਾ ਯੁੱਗ ਹੈ। ਹਰ ਰਾਜ ਵਿੱਚ ਜਾਂ ਤਾਂ ਲੋਕਤੰਤਰੀ ਗਣਰਾਜ ਲਾਗੂ ਹੋ ਗਿਆ ਹੈ ਅਤੇ ਜਾਂ ਫਿਰ ਇਸਦੀ ਪ੍ਰਾਪਤੀ ਲਈ ਲੋਕ ਸੰਘਰਸ਼ ਕਰ ਰਹੇ ਹਨ। ਇੰਗਲੈਂਡ ਦੁਨੀਆਂ ਦੇ ਸਭ ਤੋਂ ਵੱਧ ਉੱਨਤ ਰਾਜਾਂ ਵਿੱਚੋਂ ਇੱਕ ਹੈ। ਇੱਥੋਂ ਦਾ ਮਨੁੱਖੀ ਵਿਕਾਸ ਦਾ ਪੱਧਰ ਬਹੁਤ ਉੱਚਾ ਹੈ। ਪ੍ਰੰਤੂ ਫਿਰ ਵੀ ਇੰਗਲੈਂਡ ਵਿੱਚ ਰਾਜਤੰਤਰ ਦੀ ਸੰਸਥਾ ਨਾ ਸਿਰਫ ਕਾਇਮ ਹੈ ਸਗੋਂ ਪੂਰੀ ਕੁਸ਼ਲਤਾ ਅਤੇ ਸਫਲਤਾ ਨਾਲ਼ ਕੰਮ ਰਹੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਰਾਜਤੰਤਰ ਨੇ ਆਪਣੇ ਆਪ ਨੂੰ 'ਸਮੇਂ' ਦੇ ਅਨੁਸਾਰ ਢਾਲ਼ ਲਿਆ ਹੈ। ਬਰਤਾਨਵੀ ਰਾਜਤੰਤਰ ਦੇ ਇਸੇ ਹੀ ਗੁਣ ਦੇ ਆਧਾਰ ਤੇ ਮਿਸਰ ਦੇ **ਬਾਦਸ਼ਾਹ ਫਾਰੂਕ (King Farouk)** ਨੇ ਕਿਹਾ ਸੀ, **"ਸਾਰਾ ਸੰਸਾਰ ਵਿਦਰੋਹ ਵਿੱਚ ਹੈ। ਜਲਦੀ ਹੀ ਇੱਥੇ ਸਿਰਫ ਪੰਜ ਬਾਦਸ਼ਾਹ ਰਹਿ ਜਾਣਗੇ- ਇੰਗਲੈਂਡ ਦਾ ਬਾਦਸ਼ਾਹ, ਇੱਟ ਦਾ ਬਾਦਸ਼ਾਹ, ਚਿੜਿਏ ਦਾ ਬਾਦਸ਼ਾਹ, ਪਾਨ ਦਾ ਬਾਦਸ਼ਾਹ ਅਤੇ ਹੁਕਮ ਦਾ ਬਾਦਸ਼ਾਹ।"**




Joginder Singh Khatra

Assistant Professor & Head

Dept. of Political Science

Akal Degree College Mastuana